ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਬਰਨਾਲਾ
ਜ਼ਿਲਾ ਮੈਜਿਸਟ੍ਰੇਟ ਵੱਲੋਂ ਕੰਬਾਈਨਾਂ ਖੇਤਾਂ ਵਿਚ ਚਲਾਉਣ ਦੇ ਸਮੇਂ ਵਿਚ ਸੋਧ
* ਖੇਤੀ ਮਸ਼ੀਨਰੀ ਦੇ ਰਿਪੇਅਰ ਅਤੇ ਸਪੇਅਰ ਪਾਰਟਸ ਨਾਲ ਸਬੰਧਤ ਦੁਕਾਨਾਂ ਖੋਲਣ ਦੇ ਸਮੇਂ ’ਚ ਵਾਧਾ
* 24 ਅਪਰੈਲ ਤੋਂ ਚਲਾਏ ਜਾ ਸਕਣਗੇ ਰੀਪਰ
ਬਰਨਾਲਾ, 14 ਅਪਰੈਲ
ਜ਼ਿਲਾ ਮੈਜਿਸਟ੍ਰੇਟ ਸ. ਤੇਜ ਪ੍ਰਤਾਪ ਸਿੰਘ ਫੂਲਕਾ ਵੱਲੋਂ ਕਣਕ ਦੇ ਸੀਜ਼ਨ ਦੌਰਾਨ ਖੇਤੀਬਾੜੀ ਦੇ ਕੰਮਾਂ ਲਈ ਦਿੱਤੀਆਂ ਛੋਟਾਂ ਵਿਚ ਕੁਝ ਸੋਧ ਕੀਤੀ ਗਈ ਹੈ।
ਇਨਾਂ ਹੁਕਮਾਂ ਅਨੁਸਾਰ ਫ਼ਸਲ ਦੀ ਕਟਾਈ ਬਿਜਾਈ ਅਤੇ ਢੋਆ-ਢੋਆਈ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਜਿਵੇਂ ਕਿ ਟਰੈਕਟਰ, ਟਰਾਲੀ, ਕੰਬਾਇਨ ਆਦਿ ਦੀ ਆਵਾਜਾਈ ’ਤੇ ਮੁਕੰਮਲ ਤੌਰ ’ਤੇ ਛੋਟ ਹੋਵੇਗੀ, ਪਰ ਖੇਤਾਂ ਵਿਚ ਕੰਬਾਇਨ ਦੇ ਚੱਲਣ ਦਾ ਸਮਾਂ ਸਵੇਰੇ 6 ਵਜੇ ਤੋਂ ਸ਼ਾਮ 7 ਵਜੇ ਤੱਕ  ਹੋਵੇਗਾ। ਸਬੰਧਤ ਮਸ਼ੀਨਰੀ ’ਤੇ 4 ਤੋਂ ਵੱਧ ਵਿਅਕਤੀ ਮੌਜੂਦ ਨਹੀਂ ਹੋਣਗੇ ਅਤੇ ਦੂਰੀ 2 ਮੀਟਰ ਦੀ ਬਣਾ ਕੇ ਰੱਖਣਗੇ। ਖੇਤੀਬਾੜੀ ਮਸ਼ੀਨਰੀ ਦੀ ਮੁਰੰਮਤ ਅਤੇ ਸਪੇਅਰ ਪਾਰਟਸ ਸਬੰਧੀ ਦੁਕਾਨਾਂ ਦਾ ਸਮਾਂ ਸਵੇਰੇ 6 ਤੋਂ ਸਵੇਰੇ ਦੁਪਹਿਰ 12 ਵਜੇ (6 ਘੰਟੇ) ਤੱਕ ਕਰ ਦਿੱਤਾ ਗਿਆ, ਜੋ ਪਹਿਲਾਂ 6 ਸਵੇਰੇ ਤੋਂ 9 ਵਜੇ ਤੱਕ ਸੀ। ਦੁਕਾਨਦਾਰਾਂ ਨੂੰ ਸਪੇਅਰ ਪਾਰਟਸ ਦੀ ਹੋਮ ਡਲਿਵਰੀ ਹੀ ਕੀਤੀ ਜਾਵੇਗੀ। ਤੂੜੀ ਵਾਲੀ ਮਸ਼ੀਨ ਸਟਰਾ ਰੀਪਰ 24 ਅਪਰੈਲ 2020 ਤੋਂ ਚਲਾਏ ਜਾ ਸਕਣਗੇ। ਇਸ ਕੰਮ ਵਿਚ ਮੌਜੂਦ ਵਿਅਕਤੀਆਂ ਆਪਸੀ ਦੂਰੀ 2 ਮੀਟਰ ਦੀ ਰੱਖਣਗੇ।
ਕਣਕ ਦੀ ਫ਼ਸਲ ਦੀ ਕਟਾਈ ਅਤੇ ਵੱਖ-ਵੱਖ ਖੇਤੀ ਕਾਰਜਾਂ ਲਈ ਖੇਤ ਮਜ਼ਦੂਰਾਂ ਸਮੇਤ ਖੇਤਾਂ ਵਿੱਚ ਆਉਣ-ਜਾਣ ਲਈ ਸਵੇਰ ਦਾ ਉਹੀ ਸਮਾਂ 6 ਤੋਂ 9 ਵਜੇ ਤੱਕ (ਤਿੰਨ ਘੰਟੇ) ਅਤੇ ਖੇਤ ਤੋਂ ਵਾਪਸ ਆਉਣ ਦਾ ਸਮਾਂ ਸ਼ਾਮ 7 ਤੋਂ ਰਾਤ 9 ਵਜੇ ਤੱਕ (2 ਘੰਟੇ) ਦਾ ਹੈ। ਇਹ ਵਿਅਕਤੀ ਸਵੇਰੇ 9 ਤੋਂ ਸ਼ਾਮ 7 ਵਜੇ ਖੇਤਾਂ ਵਿਚ ਹੀ ਰਹਿਣਗੇ। ਬੀਜ, ਖਾਦ ਅਤੇ ਕੀਟਨਾਸ਼ਕ ਦਵਾਈਆਂ ਵਾਲੀਆਂ ਦੁਕਾਨਾਂ ਦਾ ਸਮਾਂ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ (ਚਾਰ ਘੰਟੇ) ਤੱਕ ਦਾ ਪਹਿਲਾਂ ਵਾਂਗ ਹੋਵਗਾ। ਇਹ ਦੁਕਾਨਦਾਰ ਮੁੱਖ ਖੇਤੀਬਾੜੀ ਅਫਸਰ ਵੱਲੋਂ ਹੋਏ ਨਿਰਦੇਸ਼ਾਂ ਅਨੁਸਾਰ ਦੁਕਾਨ ਖੋਲਣਗੇ ਅਤੇ ਆਪਣੇ ਗਾਹਕਾਂ ਨੂੰ ਹੋਮ ਡਿਲਿਵਰੀ ਹੀ ਕਰਨਗੇ। ਉਨਾਂ ਕਿਹਾ ਕਿ ਖੇਤੀ ਸਬੰਧੀ ਕੰਮਾਂ ਲਈ ਪਾਸ ਜਾਰੀ ਕਰਨ ਦੇ ਅਧਿਕਾਰ ਮੁੱਖ ਖੇਤੀਬਾੜੀ ਅਫਸਰ ਨੂੰ ਦਿੱਤੇ ਗਏ ਹਨ।
ਸਮੂਹ ਕਿਸਾਨਾਂ/ਖੇਤ ਮਜ਼ਦੂਰਾਂ ਵਲੋਂ ਜੇਕਰ ਖੇਤਾਂ ਵਿੱਚ ਹੱਥੀਂ ਕਟਾਈ/ਬਿਜਾਈ ਆਦਿ ਦਾ ਕੰਮ ਕੀਤਾ ਜਾਵੇਗਾ ਤਾਂ ਉਸ ਸਮੇਂ 10 ਤੋਂ ਵੱਧ ਵਿਅਕਤੀ ਮੌਜੂਦ ਨਹੀਂ ਹੋਣਗੇ। ਆਪਸੀ ਦੂਰੀ 2 ਮੀਟਰ ਦੀ ਹੋਵੇਗੀ। ਫੇਸ ਮਾਸਕ ਪਾਉਣਗੇ, ਹੱਥਾਂ ਦੀ ਸਾਫ਼ ਸਫ਼ਾਈ ਰੱਖਣਗੇ ਤੇ ਸੈਨੇਟਾਈਜ਼ਰ ਦੀ ਵਰਤੋਂ ਕਰਨਗੇ। ਇਸ ਤੋਂ ਇਲਾਵਾ ਕੋਰੋਨਾਵਾਇਰਸ (ਕੋਵਿਡ-19) ਸਬੰਧੀ ਸਰਕਾਰ ਵਲੋਂ ਸਮੇਂ ਸਮੇਂ ’ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨਗੇ।

ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਬਰਨਾਲਾ
ਜ਼ਿਲਾ ਬਰਨਾਲਾ ਵਿਚ ਮਾਸਕ ਅਤੇ ਐਪਰਨ ਬਣਾਉਣ ਦਾ ਕੰਮ ਜ਼ੋਰਾਂ ’ਤੇ
ਪ੍ਰਸ਼ਾਸਨ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੇ ਨੇ ਸਵੈ ਸਹਾਇਤਾ ਗਰੁੱਪ
ਐਸਐਚਜੀਜ਼ ਵੱਲੋ **25** ਹਜ਼ਾਰ ਮਾਸਕ ਤੇ **800** ਤੋਂ ਵੱਧ ਐਪਰਨ ਤਿਆਰ
**10** ਹਜ਼ਾਰ ਮਾਸਕ ਹੋਰ ਬਣਾਉਣ ’ਚ ਜੁਟੀਆਂ ਪਿੰਡਾਂ ਦੀਆਂ ਔਰਤਾਂ

ਬਰਨਾਲਾ, **14** ਅਪਰੈਲ
ਕਰੋਨਾ ਵਾਇਰਸ ਫੈਲਣ ਤੋਂ ਰੋਕਣ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਯਤਨਾਂ ਤਹਿਤ ਜ਼ਿਲਾ ਬਰਨਾਲਾ ਵਿਚ ਮਾਸਕ ਅਤੇ ਐਪਰਨ ਬਣਾਉਣਾ ਦਾ ਕੰਮ ਜ਼ੋਰਾਂ ’ਤੇ ਹੈ। ਐਨਆਰਐਲਐਮ (ਅਜੀਵਿਕਾ) ਅਧੀਨ ਪਿੰਡ ਜੋਧਪੁਰ, ਭੋਤਨਾ ਤੇ ਹੋਰ ਸੈਲਫ ਹੈਲਪ ਗਰੁੱਪਾਂ ਵੱਲੋਂ ਜਿੱਥੇ **25** ਹਜ਼ਾਰ ਮਾਸਕ ਤਿਆਰ ਕੀਤੇ ਜਾ ਚੁੱਕੇ ਹਨ, ਉਥੇ ਹੀ **800** ਤੋਂ ਵੱਧ ਐਪਰਨ ਤਿਆਰ ਕੀਤੇ ਗਏ ਹਨ। ਇਹ ਐਪਰਨ ਜ਼ਿਲੇ ਦੇ ਵਲੰਟੀਅਰਾਂ ਨੂੰ ਮੁਹੱਈਆ ਕਰਾਏ ਗਏ ਹਨ ਅਤੇ ਮੰਡੀਆਂ ਵਿਚ ਕਿਰਤੀਆਂ ਨੂੰ ਭਲਕ ਤੋਂ ਮੁਹੱਈਆ ਕਰਾਏ ਜਾਣਗੇ।
ਇਹ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਤੇਜ ਪ੍ਰਤਾਪ ਸਿੰਘ ਫੂਲਕਾ ਨੇ ਦੱਸਿਆ ਕਿ ਨੈਸ਼ਨਲ ਰੂਰਲ ਲਾਈਵਲੀਹੁਡ ਮਿਸ਼ਨ (ਐਨਆਰਐਲਐਮ) ਤਹਿਤ ਵੱਖ ਵੱਖ ਪਿੰਡਾਂ ਦੇ ਸੈਲਫ ਹੈਲਪ ਗਰੁੱਪਾਂ (ਐਸਐਚਜੀਜ਼) ਨਾਲ ਸਬੰਧਤ ਔਰਤਾਂ ਵੱਲੋਂ ਸਵੈ ਇੱਛਾ ਨਾਲ ਜ਼ਿਲਾ ਪ੍ਰਸ਼ਾਸਨ ਨੂੰ ਭਰਵਾਂ ਸਹਿਯੋਗ ਦਿੱਤਾ ਜਾ ਰਿਹਾ ਹੈ। ਜ਼ਿਲਾ ਪ੍ਰਸ਼ਾਸਨ ਵੱਲੋਂ ਇਨਾਂ ਗਰੁੱਪਾਂ ਨੂੰ ਕੱਪੜਾ ਤੇ ਹੋਰ ਲੋੜੀਂਦਾ ਸਾਮਾਨ ਮੁਹੱਈਆ ਕਰਾਇਆ ਜਾ ਰਿਹਾ ਹੈ। ਇਨਾਂ ਸੈਲਫ ਹੈਲਪ ਗਰੁੱਪਾਂ ਵੱਲੋਂ **25** ਹਜ਼ਾਰ ਮਾਸਕ ਤਿਆਰ ਕੀਤੇ ਜਾ ਚੁੱਕੇ ਹਨ ਤੇ **10** ਹਜ਼ਾਰ ਮਾਸਕ ਹੋਰ ਤਿਆਰ ਕੀਤੇ ਜਾ ਰਹੇ ਹਨ, ਜਦੋਂਕਿ ਐਪਰਨ **800** ਤੋਂ ਵੱਧ ਤਿਆਰ ਕੀਤੇ ਜਾ ਚੁੱਕੇ ਹਨ ਅਤੇ ਇਹ ਕੁੱਲ ਹਜ਼ਾਰ ਐਪਰਨ ਤਿਆਰ ਕੀਤੇ ਜਾਣੇ ਹਨ, ਜੋ ਵਲੰਟੀਅਰਾਂ ਤੋਂ ਇਲਾਵਾ ਮੰਡੀਆਂ ਵਿੱਚ ਕਿਰਤੀਆਂ ਨੂੰ ਮੁਹੱਈਆ ਕਰਾਏ ਜਾਣੇ ਹਨ। ਉਨਾਂ ਦੱਸਿਆ ਕਿ ਇਹ ਮਾਸਕ ਅਤੇ ਐਪਰਨ ਸਿਵਲ ਹਸਪਤਾਲ ਵਿੱਚ ਸੋਧਣ ਤੋਂ ਬਾਅਦ ਹੀ ਮੁਹੱਈਆ ਕਰਾਏ ਜਾਂਦੇ ਹਨ।
ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਰੁਣ ਜਿੰਦਲ ਨੇ ਦੱਸਿਆ ਕਿ ਮਾਸਕ ਬਣਾਉਣ ਵਿਚ ਬਾਬਾ ਹਿੰਮਤ ਸਿੰਘ ਸੈਲਫ ਹੈਲਪ ਗਰੁੱਪ, ਬਾਬਾ ਵਿਸ਼ਵਕਰਮਾ ਜੀ ਗਰੁੱਪ, ਭਾਈ ਮੂਲ ਚੰਦ ਜੀ ਗਰੁੱਪ ਪਿੰਡ ਜੋਧਪੁਰ ਅਤੇ ਗੁਰੂ ਰਵੀਦਾਸ ਗਰੁੱਪ ਭੋਤਨਾ ਦੀਆਂ ਔਰਤਾਂ ਜੁਟੀਆਂ ਹੋਈਆਂ ਹਨ। ਇਸ ਤੋਂ ਇਲਾਵਾ ਐਪਰਨ ਬਣਾਉਣ ਦਾ ਕੰਮ ਗੁਰੂ ਰਵੀਵਾਸ ਜੀ ਗਰੁੱਪ, ਦਸਮੇਸ਼ ਗਰੁੱਪ, ਔਲਖ ਗਰੁੱਪ ਪਿੰਡ ਠੀਕਰੀਵਾਲਾ, ਬਾਬਾ ਵਾਲਮੀਕਿ ਜੀ ਗਰੁੱਪ, ਬਾਬਾ ਅਤਰ ਸਿੰਘ ਗਰੁੱਪ, ਗੁਰੂ ਰਵੀਦਾਸ ਜੀ ਗਰੁੱਪ ਪਿੰਡ ਬਡਬਰ ਤੋਂ ਇਲਾਵਾ ਜੋਧਪੁਰ ਦੇ ਗਰੁੱਪ ਅਤੇ ਕੱਟੂ ਦਾ ਬਾਬਾ ਚੰਦ ਸਿੰਘ, ਬੇਬੇ ਨਾਨਕੀ ਗਰੁੱਪ, ਗੁਰੂ ਨਾਨਕ ਦੇਵ ਜੀ ਗਰੁੱਪ, ਗੁਰੂ ਤੇਗ ਬਹਾਦਰ ਸਾਹਿਬ ਗਰੁੱਪ, ਬੀਬੀ ਭਾਨੀ ਜੀ ਗਰੁੱਪ ਤੋਂ ਇਲਾਵਾ ਭੈਣੀ ਮਹਿਰਾਜ ਦੀਆਂ ਔਰਤਾਂ ਜੁਟੀਆਂ ਹੋਈਆਂ ਹਨ।

**o/o District Public Relations Officer, Barnala**

**Task of preparing masks at full swing in Barnala**

- **Many Self-help groups come forward to assist admn**
- **More than 800 Aprons and 25,000 masks prepared by the SHGs**
- **10 thousand more masks to prepare**

**Barnala, April 14**

**As part of efforts by the district administration to prevent the spread of the Corona virus, the task of making masks and aprons is in full swing in district Barnala. More than 800 aprons have been made by self help groups, whereas 25,000 masks have been prepared. These aprons have been provided to the volunteers of the district and will be**

**provided to the laborers in the grain markets.**

**Giving this information, Deputy Commissioner Mr. Tej Partap Singh Phoolka said that self help groups associated with National Rural Livelihood Mission (NRLM) are working for this social service. The district administration is providing cloths and other necessary things to these groups. These self-help groups have already prepared 25,000 masks and 10 thousand more are being prepared, while more than 800 aprons have been made by them and a total of 1000 aprons are to be prepared.**

**Additional Deputy Commissioner (Development) Mr. Arun Jindal said that women's of Baba Himmat Singh Self Help Group, Baba Vishwakarma Ji Group, Bhai Mool Chand Ji Group village Jodhpur and Guru Ravidas Ji group Bhotna are engaged in the task of preparation of masks. Apart from this, the making of the aprons was done by Guru Ravidas Ji Group, Dasmesh Group, Aulakh Group Village, Theekriwala, Baba Valmiki Ji Group, Baba Atar Singh Group, Guru Ravidas Ji Group, Badbar, Jodhpur group and Kattu village group.**

**Deputy Commissioner Mr. Tej Partap Singh Phoolka said that in the efforts against Covid 19, this self-help group has been a boon and the services of these women are very appreciable.**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਰਨਾਲਾ
ਜ਼ਿਲਾ ਮੈਜਿਸਟ੍ਰੇਟ ਵੱਲੋਂ ਕਣਕ ਦੀ ਰਹਿੰਦ-ਖੂੰਹਦ (ਨਾੜ) ਨੂੰ ਅੱਗ ਲਗਾਉਣ/ਸਾੜਨ ’ਤੇ ਪਾਬੰਦੀ
* ਜ਼ਿਲਾ ਬਰਨਾਲਾ ਦੀਆਂ ਸਮੂਹ ਸੜਕਾਂ ’ਤੇ ਕਣਕ ਦੀਆਂ ਬੱਲੀਆਂ ਸੁਟਣ ’ਤੇ ਵੀ ਰਹੇਗੀ ਪੂਰਨ ਪਾਬੰਦੀ
ਬਰਨਾਲਾ, 14 ਅਪ੍ਰੈਲ :
ਜ਼ਿਲਾ ਮੈਜਿਸਟ੍ਰੇਟ ਬਰਨਾਲਾ ਸ. ਤੇਜ ਪ੍ਰਤਾਸ ਸਿੰਘ ਫੂਲਕਾ ਨੇ ਫੌਜ਼ਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲਾ ਬਰਨਾਲਾ ਅੰਦਰ ਕਣਕ ਦੀ ਰਹਿੰਦ-ਖੰੂਹਦ (ਨਾੜ) ਨੂੰ ਅੱਗ ਲਗਾਉਣ/ਸਾੜਨ ’ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।
ਜ਼ਿਲਾ ਮੈਜਿਸਟ੍ਰੇਰਟ ਨੇ ਦੱਸਿਆ ਕਿ ਵੇਖਣ ਵਿੱਚ ਆਇਆ ਹੈ ਕਿ ਕਣਕ ਦੀ ਫਸਲ ਕੱਟਣ ਉਪਰੰਤ ਫਸਲ ਦੀ ਰਹਿੰਦ-ਖੰੂਹਦ (ਨਾੜ) ਨੂੰ ਸਬੰਧਤ ਕਿਸਾਨ ਵੱਲੋਂ ਅੱਗ ਲਗਾ ਦਿੱਤੀ ਜਾਂਦੀ ਹੈ ਜਿਸ ਨਾਲ ਨੁਕਸਾਨ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਅਤੇ ਹਵਾ ਵਿੱਚ ਧੂੰਏ ਨਾਲ ਬਹੁਤ ਪ੍ਰਦੂਸ਼ਣ ਫੈਲਦਾ ਹੈ। ਉਨਾਂ ਕਿਹਾ ਕਿ ਇਸ ਨਾਲ ਜਿੱਥੇ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ, ਉਥੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ। ਉਹਨਾਂ ਦੱਸਿਆ ਕਿ ਅਜਿਹਾ ਕਰਨ ਨਾਲ ਆਲੇ ਦੁਆਲੇ ਖੜੀ ਫਸਲ ਜਾਂ ਪਿੰਡ ਵਿੱਚ ਵੀ ਅੱਗ ਲੱਗਣ ਦਾ ਡਰ ਰਹਿੰਦਾ ਹੈ, ਜਿਸ ਨਾਲ ਵੱਡੇ ਹਾਦਸੇ ਵੀ ਵਾਪਰ ਸਕਦੇ ਹਨ ਅਤੇ ਜਾਨੀ ਮਾਲੀ ਨੁਕਸਾਨ ਹੋਣ ਦਾ ਖ਼ਤਰਾ ਵੀ ਹੁੰਦਾ ਜਿਸ ਨਾਲ ਅਮਨ-ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣਾ ਵੀ ਔਖਾ ਹੋ ਸਕਦਾ।
ਇਸ ਦੇ ਨਾਲ ਹੀ ਇੱਕ ਹੋਰ ਹੁਕਮ ਜਾਰੀ ਕਰਦਿਆ ਜ਼ਿਲਾ ਮੈਜਿਸਟਰੇਟ ਸ. ਫੂਲਕਾ ਨੇ ਕਿਹਾ ਕਿ ਆਮ ਤੌਰ ’ਤੇ ਦੇਖਣ ਵਿੱਚ ਆਇਆ ਹੈ ਕਿ ਕਣਕ ਦੇ ਸੀਜ਼ਨ ਸਮੇਂ ਮੰਡੀਆਂ ਦੀਆਂ ਸੜਕਾਂ/ਹੋਰ ਸੜਕਾਂ ਤੇ ਕਣਕ ਦੀਆਂ ਬੱਲੀਆਂ, ਕਣਕ ਦਾ ਦਾਣਾ ਅੱਡ ਕਰਨ ਲਈ ਸੁੱਟ ਦਿੱਤਾ ਜਾਂਦਾ ਹੈ। ਤੇਜ਼ ਹਵਾਵਾਂ ਚੱਲਣ ਕਾਰਨ ਬੱਲੀਆਂ ਤੋਂ ਧੂੜ ਊਡਦੀ ਹੈ, ਜੋ ਹਵਾ ਵਿੱਚ ਮਿਲਕੇ ਵਾਤਾਵਰਣ ਨੂੰ ਦੂਸ਼ਿਤ ਕਰਦੀ ਹੈ। ਇਸ ਲਈ ਜਾਬਤਾ ਫੌਜ਼ਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲਾ ਬਰਨਾਲਾ ਅੰਦਰ ਪੈਂਦੀਆਂ ਸਮੂਹ ਸੜਕਾਂ ਉੱਪਰ ਕਣਕ ਦੀਆਂ ਬੱਲੀਆਂ ਸੁੱਟਣ ’ਤੇ ਪੂਰਨ ਤੌਰ ’ਤੇ ਪਾਬੰਦੀ ਲਗਾਈ ਜਾਂਦੀ ਹੈ। ਉਨਾਂ ਦੱਸਿਆ ਕਿ ਉਕਤ ਹੁਕਮ ਮਿਤੀ 15 ਅਪਰੈਲ, 2020 ਤੋਂ 31 ਮਈ, 2020 ਤੱਕ ਜ਼ਿਲ੍ਹਾ ਬਰਨਾਲਾ ਅੰਦਰ ਲਾਗੂ ਰਹਿਣਗੇ।

ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਬਰਨਾਲਾ
ਮਨੁੱਖਤਾ ਦੀ ਸੇਵਾ: ਜ਼ਿਲਾ ਪ੍ਰਸ਼ਾਸਨ ਦੀ ਸੱਜੀ ਬਾਂਹ ਬਣੇ ਰੈੱਡ ਕ੍ਰਾਸ ਤੇ ਹੋਰ ਵਲੰਟੀਅਰ
ਲੋੜਵੰਦਾਂ ਨੂੰ ਘਰ ਘਰ ਰਾਸ਼ਨ ਪਹੁੰਚਾਉਣ ਲਈ ਨਿਭਾਅ ਰਹੇ ਨੇ ਅਣਥੱਕ ਸੇਵਾਵਾਂ
ਡਿਪਟੀ ਕਮਿਸ਼ਨਰ ਵੱਲੋਂ ਵਲੰਟੀਅਰਾਂ ਦੀਆਂ ਸੇਵਾਵਾਂ ਦੀ ਸ਼ਲਾਘਾ
ਬਰਨਾਲਾ, 14 ਅਪਰੈਲ
ਕਰੋਨਾ ਵਾਇਰਸ ਨੂੰ ਫੈਲਣ ਤੋ ਰੋਕਣ ਲਈ ਲਾਏ ਕਰਫਿਊ ਦੌਰਾਨ ਜਿੱਥੇ ਦਾਨੀ ਸੱਜਣਾਂ ਤੇ ਸੰਸਥਾਵਾਂ ਨੇ ਲੋੜਵੰਦਾਂ ਦੀ ਮਦਦ ਲਈ ਜ਼ਿਲਾ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਲਈ ਦਿਲ ਖੋਲੇ ਹਨ, ਉਥੇ ਇਸ ਰਾਸ਼ਨ ਨੂੰ ਜ਼ਿਲਾ ਰੈੱਡ ਕ੍ਰਾਸ ਸੁਸਾਇਟੀ ਰਾਹੀਂ ਲੋੜਵੰਦਾਂ ਦੇ ਦਰਾਂ ’ਤੇ ਪਹੁੰਚਾਉਣ ਲਈ ਵੱਡੀ ਗਿਣਤੀ ਵਲੰਟੀਅਰ ਦਿਨ-ਰਾਤ ਡਟੇ ਹੋਏ ਹਨ। ਯੁਵਕ ਸੇਵਾਵਾਂ ਵਿਭਾਗ ਤੇ ਹੋਰ ਕਲੱਬਾਂ ਨਾਲ ਜੁੜੇ ਵਲੰਟੀਅਰ ਸਵੇਰ ਵੇਲੇ ਸਬਜ਼ੀ ਮੰਡੀ ਬਰਨਾਲਾ ਵਿਚ ਸਮਾਜਿਕ ਦੂਰੀ ਦਾ ਹੋਕਾ ਦਿੰਦੇ ਹਨ ਤੇ ਉਸ ਮਗਰੋਂ ਰੈੱਡ ਕ੍ਰਾਸ ਸੁਸਾਇਟੀ ਰਾਹੀਂ ਰਾਸ਼ਨ ਦੀਆਂ ਕਿੱਟਾਂ ਦੀ ਪੈਕਿੰਗ ਵਿਚ ਜੁਟ ਜਾਂਦੇ ਹਨ। ਇਸ ਤੋਂ ਬਾਅਦ ਇਹ ਵਲੰਟੀਅਰ ਹੋਮ ਗਾਰਡਜ਼/ਸਿਵਲ ਡਿਫੈਂਸ ਜਵਾਨਾਂ ਦੀ ਮਦਦ ਨਾਲ ਲੋੜਵੰਦਾਂ ਦੀਆਂ ਬਰੂਹਾਂ ਤੱਕ ਰਾਸ਼ਨ ਪਹੁੰਚਾਉਣ ਵਿਚ ਜੁਟ ਜਾਂਦੇ ਹਨ। ਪਿੰਡ ਹਰੀਗੜ ਨਾਲ ਸਬੰਧਤ ਵਲੰਟੀਅਰ ਲਵਪ੍ਰੀਤ ਸ਼ਰਮਾ ਨੇ ਦੱਸਿਆ ਕਿ ਉਹ ਗ੍ਰੈਜੂਏਸ਼ਨ ਕਰ ਰਿਹਾ ਹੈ ਅਤੇ ਕਰੀਬ 8 ਸਾਲਾਂ ਤੋਂ ਯੁਵਕ ਸੇਵਾਵਾਂ ਵਿਭਾਗ ਨਾਲ ਜੁੜਿਆ ਹੋਇਆ ਹੈ ਅਤੇ ਇਸੇ ਵਿਭਾਗ ਦੀਆਂ ਗਤੀਵਿਧੀਆਂ ਤੋਂ ਹੀ ਉਸ ਨੂੰ ਰੈੱਡ ਕ੍ਰਾਸ ਰਾਹੀਂ ਵਲੰਟੀਅਰ ਸੇਵਾਵਾਂ ਨਿਭਾਉਣ ਦੀ ਪ੍ਰੇਰਨਾ ਮਿਲੀ। ਇਸੇ ਤਰਾਂ ਹੰਡਿਆਇਆ ਨਾਲ ਸਬੰਧਤ ਸਲੀਮ ਖਾਨ ਵੀ ਰੈੱਡ ਕ੍ਰਾਸ ਰਾਹੀਂ ਮਨੁੱਖਤਾ ਦੀ ਸੇਵਾ ਵਿੱਚ ਜੁਟਿਆ ਹੋਇਆ ਹੈ। ਉਸ ਨੇ ਦੱਸਿਆ ਕਿ ਉਹ ਸਵੇਰ ਤੋਂ ਹੀ ਰੈੱਡ ਕ੍ਰਾਸ ਭਵਨ ਵਿਖੇ ਪੁੱਜ ਜਾਂਦੇ ਹਨ ਤੇ ਕਿੱਟਾਂ ਦੀ ਪੈਕਿੰਗ ਤੋਂ ਲੈ ਕੇ ਵੰਡ ਤੱਕ ਦੀਆਂ ਸੇਵਾਵਾਂ ਨਿਭਾਉਂਦੇ ਹਨ ਅਤੇ ਲੋਕਾਂ ਨੂੰ ਮੌਜੂਦਾ ਸਥਿਤੀ ਬਾਰੇ ਜਾਗਰੂਕ ਵੀ ਕਰਦੇ ਹਨ। ਇਸੇ ਤਰਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੰਡਿਆਇਆ ਤੋਂ ਨੌਵੀਂ ਪਾਸ ਕਰਨ ਵਾਲਾ ਅਰਸ਼ਦੀਪ ਸਿੰਘ ਵੀ ਛੋਟੀ ਉਮਰੇ ਹੀ ਪੜਾਈ ਦੇ ਨਾਲ ਨਾਲ ਸਮਾਜਸੇਵਾ ਵਿੱਚ ਜੁਟ ਗਿਆ ਹੈ। ਉਸ ਨੇ ਦੱਸਿਆ ਕਿ ਇਸ ਮੁਸੀਬਤ ਦੀ ਘੜੀ ਵਿਚ ਜ਼ਿਲਾ ਪ੍ਰਸ਼ਾਸਨ ਅਤੇ ਯੁਵਕ ਸੇਵਾਵਾਂ ਵਿਭਾਗ ਦੀ ਪ੍ਰੇਰਨਾ ਨਾਲ ਉਹ ਇਸ ਕਾਰਜ ਵਿਚ ਜੁਟਿਆ ਹੋਇਆ ਹੈ।
ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਤੇਜ ਪ੍ਰਤਾਪ ਸਿੰਘ ਫੂਲਕਾ ਨੇ ਨੌਜਵਾਨ ਵਲੰਟੀਅਰਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਨਵੀਂ ਪਨੀਰੀ ਵਿਚ ਸਮਾਜਸੇਵਾ ਦਾ ਇਹ ਜਜ਼ਬਾ ਸਾਡੇ ਲਈ ਸ਼ੁੱਭ ਸ਼ਗਨ ਹੈ। ਉਨਾਂ ਦੱਸਿਆ ਕਿ ਇਹ ਵਲੰਟੀਅਰ ਜਿੱਥੇ ਸਬਜ਼ੀ ਮੰਡੀ ਵਿਖੇ ਸੇਵਾਵਾਂ ਦੇਣ ਤੋਂ ਇਲਾਵਾ ਰਾਸ਼ਨ ਦੀ ਵੰਡ ਕਰ ਰਹੇ ਹਨ, ਉਥੇ ਅਨਾਜ ਮੰਡੀਆਂ ਵਿਚ ਸੇਵਾਵਾਂ ਦੇਣ ਲਈ ਵੀ ਤਿਆਰ ਬਰ ਤਿਆਰ ਹਨ।
ਜ਼ਿਲਾ ਰੈੱਡ ਕ੍ਰਾਸ ਸੁਸਾਇਟੀ ਦੇ ਸਕੱਤਰ ਸਰਵਣ ਸਿੰਘ ਨੇ ਦੱਸਿਆ ਕਿ ਐਨਜੀਓਜ਼, ਦਾਨੀ ਸੰਸਥਾਵਾਂ ਤੇ ਦਾਨੀ ਸੱਜਣਾਂ ਵੱਲੋਂ ਦਿੱਤੀ ਜਾਂਦੀ ਰਾਸ਼ਨ ਸਮੱਗਰੀ ਜਾਂ ਨਕਦੀ ਨਾਲ ਰਾਸ਼ਨ ਖਰੀਦ ਕੇ ਅਤੇ ਰਾਸ਼ਨ ਦੀਆਂ ਜ਼ਰੂਰੀ ਵਸਤਾਂ ਜਿਵੇਂ ਆਟਾ, ਦਾਲ, ਘਿਓ, ਖੰਡ, ਚਾਹ ਪੱਤੀ, ਨਮਕ, ਲਾਲ ਮਿਰਚ ਹਲਦੀ, ਸਾਬਣ ਆਦਿ ਸਾਮਾਨ ਵਾਲੀਆਂ ਕਿੱਟਾਂ ਤਿਆਰ ਕਰ ਕੇ ਵਲੰਟੀਅਰਾਂ ਰਾਹੀਂ ਅਸਲ ਲੋੜਵੰਦਾਂ ਨੂੰ ਵੰਡੀਆਂ ਜਾ ਰਹੀਆਂ ਹਨ।
ਸਹਾਇਕ ਡਾਇਰੈਕਟਰ (ਯੁਵਕ ਸੇਵਾਵਾਂ) ਸ੍ਰੀ ਵਿਜੈ ਭਾਸਕਰ ਨੇ ਦੱਸਿਆ ਕਿ 80 ਦੇ ਕਰੀਬ ਐਨਐਸਐਸ ਵਲੰਟੀਅਰ ਸਬਜ਼ੀ ਮੰਡੀ ’ਚ ਜ਼ਰੂਰੀ ਹਦਾਇਤਾਂ ਦੀ ਪਾਲਣਾ ਕਰਾਉਣ ਦੇ ਨਾਲ ਨਾਲ ਰਾਸ਼ਨ ਦੀ ਵੰਡ ਤੋਂ ਇਲਾਵਾ ਨਗਰ ਕੌਂਸਲਾਂ/ਨਗਰ ਪੰਚਾਂਇਤ ਨਾਲ ਸੇਵਾਵਾਂ ਨਿਭਾਅ ਰਹੇ ਹਨ, ਜਦੋਂਕਿ ਪੇਂਡੂ ਯੁਵਕ ਸੇਵਾਵਾਂ ਕਲੱਬ ਅਧੀਨ ਆਉਂਦੇ ਕਰੀਬ 500 ਵਲੰਟੀਅਰ ਅਨਾਜ ਮੰਡੀਆਂ ਵਿਚ ਸੇਵਾਵਾਂ ਨਿਭਾਉਣ ਲਈ ਤਿਆਰ ਬਰ ਤਿਆਰ ਹਨ।

**o/o District Public Relations Officer, Barnala**

**Service to humanity: Red Cross volunteers becomes right-hand of district administration**

- **Services are being provided door to door for delivery of ration to the needy**
- **Deputy Commissioner appreciates the services of volunteers**

**Barnala, April 14**

In the view of situation amid covid 19, large number of volunteers is working hard to assist district administration to distribute the ration through RED Cross Society to the needy people and for providing other services to common man.

Volunteers of youth services department and other youth clubs creates awareness about social distancing in the vegetable market in Barnala in the morning and then join the packing of ration kits through the Red Cross Society. They are then assisted by home guards /civil defense personnel to supply rations to the needy.

Volunteer Lovpreet Sharma, who belongs to village Harigarh, said that he has been graduating and has been associated with the youth services department from last 8 years, and it was from departments activities that he was inspired to perform volunteer services through Red Cross Society. Similarly, Saleem Khan from Handiaya, is also involved in the service of humanity through the Red Cross. He said that he arrives at Red Cross Bhawan in the morning and performs services from packing kits to distribution and also aware people about current situation. Similarly, Arshdeep Singh, a ninth-grader from Government Senior Secondary School, Handiaya, has joined the social service at an early age. He said that he was engaged in this task with the inspiration of the district administration and youth services department.

On this occasion, Deputy Commissioner Mr. Tej Partap Singh Phoolka appreciated the services of the young volunteers. District Red Cross Society Secretary Sarwan Singh said that with the help of NGOs and Donors, Red Cross Society is providing free rashan to needy people. Assistant Director (Youth Services) Mr. Vijay Bhaskar said that around 80 NSS volunteers providing free services at Red Cross Society and other places in the district, while 500 volunteers of Rural Youth Clubs are ready to serve in grain markets.